King County

# ਵਿਕਾਸ ਸਬੰਧੀ ਅਸਮਰੱਥਾਵਾਂ (ਅਪਾਹਜਪੁਣਾ) ਅਤੇ ਮੁਢਲੇ ਬਚਪਨ ਬਾਰੇ ਸਹਾਇਤਾ ਡਿਵੀਜ਼ਨ (DDECSD)

## ਸਕੂਲ-ਤੋਂ-ਕੰਮ (S2W) ਸਬੰਧੀ ਅਰਜ਼ੀ

| ਤਾਰੀਖ਼ | | ਸਕੂਲ ਡਿਸਟ੍ਰਿਕਟ | | ਅਧਿਆਪਕ ਦਾ ਨਾਂ | |
|---|---|---|---|---|---|
| ਸਕੂਲ/ਪ੍ਰੋਗਰਾਮ ਦਾ ਨਾਂ | | | | ਛੱਡਣ ਦਾ ਸਾਲ | |
| ਕਿੰਗ ਕਾਉਂਟੀ ਦੇ ਵਸਨੀਕ ਹੋ? | ☐ ਹਾਂ ☐ ਨਹੀਂ | ਜੇ ਨਹੀਂ, ਤਾਂ ਜਿੱਥੇ ਤੁਸੀਂ ਰਹਿੰਦੇ ਹੋ, ਉਸ ਕਾਉਂਟੀ ਦਾ ਰਿਕਾਰਡ: ______________ | | | |

ਵਿਦਿਆਰਥੀ ਦਾ ਨਾਂ: ______________________________

ਆਖ਼ਰੀ ਨਾਂ ਪਹਿਲਾ ਨਾਂ ਵਿਚਲਾ ਅੱਖਰ ਤਰਜੀਹੀ ਨਾਂ

ਪਤਾ: ______________________________

ਸੜਕ ਸਿਟੀ ਜ਼ਿਪ ਕੋਡ

ਸੰਪਰਕ: ______________________________

ਘਰ ਦਾ ਫੋਨ ਸੈਲ ਈ-ਮੇਲ

ਆਪਣਾ ਕਾਨੂੰਨੀ ਸਰਪ੍ਰਸਤ ਹੈ? ☐ਹਾਂ ☐ ਨਹੀਂ

ਮੁਢਲਾ ਸੰਪਰਕ/ਸਰਪ੍ਰਸਤ/ਸਹਾਇਕ ਵਿਅਕਤੀ: (ਜੇ ਵਿਦਿਆਰਥੀ ਦਾ ਆਪਣਾ ਸਰਪ੍ਰਸਤ ਨਹੀਂ ਹੈ, ਤਾਂ ਸਰਪ੍ਰਸਤ ਜ਼ਰੂਰ ਸ਼ਾਮਿਲ ਕਰਨਾ ਚਾਹੀਦਾ ਹੈ)

______________ ______________ ______________

ਨਾਂ ਵਿਦਿਆਰਥੀ ਨਾਲ ਰਿਸ਼ਤਾ ਮੁਢਲਾ ਫੋਨ ਈ-ਮੇਲ ਪਤਾ

______________ ______________ ______________

ਨਾਂ ਵਿਦਿਆਰਥੀ ਨਾਲ ਰਿਸ਼ਤਾ ਮੁਢਲਾ ਫੋਨ ਈ-ਮੇਲ ਪਤਾ

### ਅੰਕੜਿਆਂ ਸਬੰਧੀ ਜਾਣਕਾਰੀ

ਜਨਮ-ਤਾਰੀਖ਼: ______________________

ਮਹੀਨਾ ਦਿਨ ਸਾਲ

ਲਿੰਗ: ☐ ਮਰਦ ☐ ਔਰਤ

☐ ਆਪਣੇ ਬਾਰੇ ਦੱਸਣਾ ਪਸੰਦ ਹੈ: ______________

☐ ਨਹੀਂ ਦੱਸਣਾ ਚਾਹੁੰਦਾ/ਚਾਹੁੰਦੀ

### ਸਮਾਜਕ ਅਤੇ ਸਿਹਤ-ਸੇਵਾਵਾਂ ਬਾਰੇ ਵਿਭਾਗ ਦੇ ਅਸਮਰੱਥਾਵਾਂ (ਅਪਾਹਜਪੁਣੇ) ਦੇ ਪ੍ਰਸ਼ਾਸਨ ਬਾਰੇ ਜਾਣਕਾਰੀ

**DSHS/DDA** ਦੀ ਸਥਿਤੀ (ਲਾਗੂ ਸਾਰਿਆਂ 'ਤੇ √ ਦਾ ਨਿਸ਼ਾਨ ਲਾਓ)

ਕੀ ਤੁਸੀਂ ਇਸ ਸਮੇਂ **DDA** ਦੇ ਕਲਾਇੰਟ ਹੋ: ☐ ਹਾਂ ☐ ਨਹੀਂ

☐ ਅਪਲਾਈ ਕਰਨਾ/ਮੁੜ-ਅਪਲਾਈ ਕਰਨਾ/ਅਪੀਲ ਕਰਨਾ

ਜੇ ਭਰੋਸਾ ਨਹੀਂ ਹੈ, ਤਾਂ ਕਾੱਲ ਕਰੋ **206-568-5700**

ਕੇਸ ਮੈਨੇਜਰ ਦਾ ਨਾਂ (ਜੇ ਜਾਣਕਾਰ ਹੈ): ______________

### ਬੰਸ/ਨਸਲੀ ਸਮੂਹ [3 ਲਾਗੂ ਸਾਰਿਆਂ 'ਤੇ √ ਦਾ ਨਿਸ਼ਾਨ ਲਾਓ)

☐ ਗੋਰਾ ☐ ਅਮਰੀਕਨ ਇੰਡੀਅਨ/ਅਲਾਸਕਾ ਮੂਲ

☐ ਕਾਲਾ/ਅਫ਼ਰੀਕੀ/ਅਮਰੀਕੀ ☐ ਏਸ਼ਿਆਈ/ਏਸ਼ਿਆਈ-ਅਮਰੀਕੀ

☐ ਹਿਸਪੈਨਿਕ/ਲੈਟਿਨੋ ☐ ਮੂਲ ਹਵਾਈਅਨ/ਪੈਸੀਫ਼ਿਕ ਆਈਲੈਂਡਰ

☐ ਬੰਸ ਨਹੀਂ ਦਿੱਤਾ ਗਿਆ: ______________

ਤਰਜੀਹੀ ਭਾਸ਼ਾ: ______________

ASL: ☐ ਹਾਂ ☐ ਨਹੀਂ

ਦੁਭਾਸ਼ੀਏ ਲਈ ਬੇਨਤੀ ਕੀਤੀ ਗਈ ਹੈ: ☐ ਹਾਂ ☐ ਨਹੀਂ

ਹੋਰ: ______________

### ਸਮਾਜਕ ਅਤੇ ਸਿਹਤ-ਸੇਵਾਵਾਂ ਬਾਰੇ ਸੇਵਾਵਾਂ ਦੇ ਵਿਭਾਗ ਦੇ ਕਿੱਤਾਮੁਖੀ ਮੁੜ-ਵਸੇਬੇ ਬਾਰੇ ਜਾਣਕਾਰੀ

ਕੀ ਤੁਸੀਂ **DSHS/DVR** ਲਈ ਅਪਲਾਈ ਕੀਤਾ ਹੈ: ☐ ਹਾਂ ☐ ਨਹੀਂ

**DVR** ਸਲਾਹਕਾਰ ਦਾ ਨਾਂ (ਜੇ ਜਾਣਕਾਰ ਹੈ): ______________

### ਸੋਸ਼ਲ ਸਿਕਿਓਰਿਟੀ ਲਾਭ ਅਤੇ ਆਮਦਨ

ਕੀ ਤੁਹਾਨੂੰ ਸੋਸ਼ਲ ਸਿਕਿਓਰਿਟੀ ਲਾਭ ਮਿਲ ਰਹੇ ਹਨ: ☐ ਹਾਂ ☐ ਨਹੀਂ

ਰਕਮ: $______________

ਵਿਦਿਆਰਥੀ ਦਾ ਨਾਂ: ______________________________________________

ਅਖ਼ੀਰਲਾ ਨਾਂ ਪਹਿਲਾ ਨਾਂ ਵਿਚਕਾਰਲਾ ਅੱਖਰ

ਵਿਦਿਆਰਥੀ ਦੀ ਪੁਸ਼ਟੀ/ਅਖ਼ਤਿਆਰਨਾਮਾ

- ਮੈਂ ਵਾਅਦਾ ਕਰਦਾ/ਕਰਦੀ ਹਾਂ ਕਿ ਮੇਰੀ ਜਾਣਕਾਰੀ ਅਨੁਸਾਰ ਇਸ ਅਰਜ਼ੀ ਵਿੱਚ ਦਿੱਤੀ ਗਈ ਜਾਣਕਾਰੀ ਸਹੀ ਹੈ। ਮੈਨੂੰ ਪਤਾ ਹੈ ਕਿ ਕੋਈ ਵੀ ਵਿਅਕਤੀ ਜਾਣਕਾਰੀ ਵੇਖ ਸਕਦਾ ਹੈ ਅਤੇ ਮੈਨੂੰ ਹੋਰ ਦਸਤਾਵੇਜ਼ਾਂ ਲਈ ਕਹਿ ਸਕਦਾ ਹੈ। ਮੈਨੂੰ ਇਸ ਗੱਲ ਦਾ ਵੀ ਪਤਾ ਹੈ ਕਿ ਜੇ ਜਾਣਕਾਰੀ ਸਹੀ ਨਹੀਂ ਹੈ, ਜੇ ਲੱਗਿਆ ਕਿ ਮੈਂ ਅਯੋਗ ਹਾਂ, ਤਾਂ ਮੈਨੂੰ ਪ੍ਰੋਗਰਾਮ ਵਿੱਚੋਂ ਕੱਢਿਆ ਜਾ ਸਕਦਾ ਹੈ ਅਤੇ ਜੇ ਮੈਂ ਅਰਜ਼ੀ 'ਤੇ ਜਾਣ-ਬੁਝਕੇ ਗ਼ਲਤ ਜਾਣਕਾਰੀ ਦਿੱਤੀ ਹੈ, ਤਾਂ ਮੇਰੇ 'ਤੇ ਧੋਖਾਧੜੀ ਅਤੇ/ਜਾਂ ਝੂਠੀ ਸਹੁੰ ਚੁੱਕਣ ਬਦਲੇ ਮੁਕੱਦਮਾ ਚਲਾਇਆ ਜਾ ਸਕਦਾ ਹੈ। ਜੇ ਮੈਂ ਯੋਗ ਹਾਂ, ਤਾਂ ਮੈਂ ਵਰਤੋਂ ਕਰਨ ਲਈ ਇਸ ਨੂੰ ਵੇਖਣ ਦੀ ਆਗਿਆ ਦਿੰਦਾ/ਦਿੰਦੀ ਹਾਂ। ਮੇਰੀ ਬੇਨਤੀ 'ਤੇ, ਮੈਨੂੰ ਬਰਾਬਰ-ਮੌਕੇ ਦੇਣ ਅਤੇ ਅਪੀਲ ਦੇ ਹੱਕਾਂ ਅਤੇ 1974 ਦੇ ਰਾਜ਼ਦਾਰੀ ਕਾਨੂੰਨ ਬਾਰੇ ਜਾਣਕਾਰੀ ਦਿੱਤੀ ਜਾਏਗੀ।
- ਜੇ ਮੈਂ ਯੋਗ ਹਾਂ ਅਤੇ ਸੇਵਾਵਾਂ ਲੈਣ ਲਈ ਮਦਦ ਵਾਸਤੇ ਵੇਖਣ ਲਈ, ਸਮਾਜਕ ਅਤੇ ਸਿਹਤ-ਸੇਵਾਵਾਂ ਬਾਰੇ ਵਿਭਾਗ ਦੇ ਅਸਮਰੱਥਾਵਾਂ (ਅਪਾਹਜਪੁਣੇ) ਦੇ ਪ੍ਰਸ਼ਾਸਨ (DSHS/DDA) ਨੂੰ ਇਹ ਜਾਣਕਾਰੀ ਕਿੰਗ ਕਾਉਂਟੀ ਦੀ ਵਿਕਾਸ ਸਬੰਧੀ ਅਸਮਰੱਥਾਵਾਂ ਅਤੇ ਮੁਢਲੇ ਬਚਪਨ ਬਾਰੇ ਸਹਾਇਤਾ ਡਿਵੀਜ਼ਨ (DDECSD) ਨੂੰ ਦੇਣ ਦਾ ਅਖ਼ਤਿਆਰ ਦਿੰਦਾ/ਦਿੰਦੀ ਹਾਂ। ਸਾਰੀ ਜਾਣਕਾਰੀ ਗੁਪਤ ਰੱਖੀ ਜਾਏਗੀ।
- ਮੈਂ DDECSD ਨੂੰ ਇਹ ਪ੍ਰੋਗਰਾਮ ਖ਼ਤਮ ਹੋਣ ਤੋਂ ਬਾਅਦ ਅਤੇ ਮੈਨੂੰ ਹੋਰ ਸੇਵਾਵਾਂ ਦੀ ਪੇਸ਼ਕਸ਼ ਕਰਨ ਅਤੇ ਸਕੂਲ-ਤੋਂ-ਕੰਮ (S2W) ਪ੍ਰੋਗਰਾਮ ਵਿੱਚ ਹਿੱਸਾ ਲੈਣ ਦੇ ਲੰਮੇ-ਸਮੇਂ ਦੇ ਸਿੱਟਿਆਂ ਬਾਰੇ ਦੱਸਣ ਲਈ ਮੇਰੇ ਨਾਲ ਸੰਪਰਕ ਕਰਨ ਦਾ ਅਖ਼ਤਿਆਰ ਦਿੰਦਾ/ਦਿੰਦੀ ਹਾਂ।

ਹੇਠਾਂ ਸਰਪ੍ਰਸਤ ਵਲੋਂ ਦਸਤਖ਼ਤ ਜ਼ਰੂਰ ਕਰਨੇ ਚਾਹੀਦੇ ਹਨ

- ਮੈਂ DDECSD ਨੂੰ ਰੋਜ਼ਗਾਰ ਹਾਸਿਲ ਕਰਨ ਵਿੱਚ ਮੇਰੇ ਵਿਦਿਆਰਥੀ ਦੀ ਮਦਦ ਕਰਨ ਦਾ ਅਖ਼ਤਿਆਰ ਦਿੰਦਾ/ਦਿੰਦੀ ਹਾਂ।
- ਮੈਂ DDECSD ਅਤੇ ਕਿਸੇ ਵੀ ਸਕੂਲ, ਸਕੂਲ ਡਿਸਟ੍ਰਿਕਟ ਜਾਂ ਕਾੱਲਿਜ, ਜਿਸ ਵਿੱਚ ਮੇਰਾ ਵਿਦਿਆਰਥੀ ਹੈ ਜਾਂ ਨਾਂ ਰਜਿਸਟਰਡ ਹੈ, ਵਿਚਕਾਰ ਜਾਣਕਾਰੀ ਦਾ ਆਦਾਨ-ਪ੍ਰਦਾਨ ਕਰਨ ਦਾ ਅਖ਼ਤਿਆਰ ਦਿੰਦਾ/ਦਿੰਦੀ ਹੈ। ਇਹ ਆਦਾਨ-ਪ੍ਰਦਾਨ S2W ਪ੍ਰੋਗਰਾਮ ਅਤੇ ਸਬੰਧਿਤ ਸਰਗਰਮੀਆਂ ਵਿੱਚ ਮੇਰੇ ਵਿਦਿਆਰਥੀ ਦੀ ਹਿੱਸੇਦਾਰੀ ਦੀ ਕਾਮਯਾਬੀ ਨਾਲ ਜੁੜੀ ਕਿਸੇ ਵੀ ਜਾਣਕਾਰੀ ਦਾ ਅਖ਼ਤਿਆਰ ਦਿੰਦਾ ਹੈ। ਮੈਂ ਸਮਝਦਾ/ਸਮਝਦੀ ਹਾਂ ਕਿ ਇਸ ਵਿੱਚ ਮਿਆਰੀ ਟੈਸਟ ਨਤੀਜੇ, ਰਿਕਾੱਰਡ ਦੀਆਂ ਕਾੱਪੀਆਂ, ਹਾਜ਼ਰੀ ਦੇ ਰਿਕਾੱਰਡ, ਕਾਰਗੁਜ਼ਾਰੀ ਦੀਆਂ ਰਿਪੋਰਟਾਂ ਅਤੇ ਸਲਾਹਕਾਰਾਂ, ਅਧਿਆਪਕਾਂ ਅਤੇ ਦੂਜੇ ਸਟਾਫ਼ ਤੋਂ ਜਾਣਕਾਰੀ ਸ਼ਾਮਿਲ ਹੋ ਸਕਦੀ ਹੈ।
- ਮੈਂ ਆਪਣੇ ਵਿਦਿਆਰਥੀ ਨੂੰ ਵਿਦਿਅਕ, ਸਿਖਲਾਈ ਅਤੇ DDECSD ਵਲੋਂ ਉਪਲਬਧ ਕਰਾਈਆਂ ਜਾਂਦੀਆਂ ਰੋਜ਼ਗਾਰ ਸਬੰਧੀ ਸਰਗਰਮੀਆਂ ਵਿੱਚ ਪੂਰੀ ਤਰ੍ਹਾਂ ਹਿੱਸਾ ਲੈਣ ਦੀ ਆਗਿਆ ਦਿੰਦਾ/ਦਿੰਦੀ ਹਾਂ।
- ਮੈਂ ਆਪਣੇ ਵਿਦਿਆਰਥੀ ਨੂੰ ਵਿਦਿਅਕ, ਕੰਮ ਅਤੇ DDECSD ਵਲੋਂ ਪ੍ਰਬੰਧ ਕੀਤੇ ਗਏ ਸਿਖਲਾਈ ਸਬੰਧੀ ਫ਼ੀਲਡ ਟ੍ਰਿਪਾਂ ਜਾਂ ਸਰਗਰਮੀਆਂ ਵਿੱਚ ਹਿੱਸਾ ਲੈਣ ਅਤੇ ਜਾਣ ਦੀ ਆਗਿਆ ਦਿੰਦਾ/ਦਿੰਦੀ ਹਾਂ।
- ਮੈਂ ਕੋਈ ਵੀ ਮੈਡੀਕਲ ਜਾਣਕਾਰੀ ਦਿਆਂਗਾ/ਦਿਆਂਗੀ, ਜਿਸ ਨਾਲ ਮੇਰੇ ਵਿਦਿਆਰਥੀ ਨੂੰ ਸੇਵਾਵਾਂ ਮੁਹੱਈਆ ਕਰਾਉਣ ਵਿੱਚ DDECSD ਨੂੰ ਮਦਦ (ਇਸ ਵਿੱਚ ਕੋਈ ਵੀ ਸਰੀਰਕ, ਮਾਨਸਿਕ ਜਾਂ ਜਜ਼ਬਾਤੀ ਵੰਗਾਰਾਂ, ਅਲਰਜੀਆਂ ਦੇ ਨਾਲ ਹੀ ਪਰਚੀ 'ਤੇ ਲਿਖੀਆਂ ਗਈਆਂ ਦਵਾਈਆਂ, ਜੋ ਤੁਹਾਡਾ ਵਿਦਿਆਰਥੀ ਲੈ ਰਿਹਾ ਹੈ) ਮਿਲੇਗੀ ।

  *ਦੱਸੋ:* ______________________________________________

- ਆਪਣੇ ਪ੍ਰੋਗਰਾਮਾਂ ਦੀ ਭਾਈਚਾਰਕ ਜਾਗਰੂਕਤਾ ਨੂੰ ਉਤਸਾਹ ਦੇਣ ਲਈ, ਮੈਂ ਪਬਲਿਕ ਡਿਸਪਲੇ ਜਾਂ ਮੀਡੀਆ ਰਿਲੀਜ਼ਾਂ ਵਿੱਚ ਆਪਣੇ ਵਿਦਿਆਰਥੀ ਦਾ ਨਾਂ ਅਤੇ ਪਛਾਣ ਦੀ ਵਰਤੋਂ ਕਰਨ ਦਾ ਅਖ਼ਤਿਆਰ ਦਿੰਦਾ ਹਾਂ।

ਦਸਤਖ਼ਤ

ਵਿਦਿਆਰਥੀ ______________________________ ਤਾਰੀਖ਼: ______________

ਸਰਪ੍ਰਸਤ ______________________________ ਤਾਰੀਖ਼: ______________

(ਜੇ ਵਿਦਿਆਰਥੀ ਤੋਂ ਅਲਾਵਾ ਕੋਈ ਹੋਰ ਹੈ)

King County

# ਜਾਣਕਾਰੀ ਜਾਰੀ ਕਰਨ ਲਈ ਸਹਿਮਤੀ

ਵਿਦਿਆਰਥੀ ਦਾ ਨਾਂ: ______________________________

ਅਖ਼ੀਰਲਾ ਨਾਂ ਪਹਿਲਾ ਨਾਂ ਵਿਚਕਾਰਲਾ ਅੱਖਰ

ਮੈਂ ਹੇਠਾਂ ਨਿਸ਼ਾਨ ਲਾਈ ਗਈ ਏਜੰਸੀ ਨੂੰ ਆਗਿਆ ਦਿੰਦਾ/ਦਿੰਦੀ ਹਾਂ:

| | | |
|---|---|---|
| X | ਕਿੰਗ ਕਾਉਂਟੀ ਭਾਈਚਾਰਕ ਅਤੇ ਮਨੁੱਖੀ ਸੇਵਾਵਾਂ ਬਾਰੇ ਵਿਭਾਗ | ਵਿਕਾਸ ਸਬੰਧੀ ਅਸਮਰੱਥਾਵਾਂ (ਅਪਾਹਜਪੁਣੇ) ਅਤੇ ਮੁਢਲੇ ਬਚਪਨ ਦੀ ਸਹਾਇਤਾ ਡਿਵੀਜ਼ਨ (DDECSD) |
| X | ਵਾੱਸ਼ਿੰਗਟਨ ਸਟੇਟ ਦੇ ਸਮਾਜਕ ਅਤੇ ਸਿਹਤ-ਸੇਵਾਵਾਂ ਬਾਰੇ ਵਿਭਾਗ | ਕਿੱਤਾਮੁਖੀ ਮੁੜ-ਵਸੇਬਾ ਡਿਵੀਜ਼ਨ (DVR) |
| X | ਵਾੱਸ਼ਿੰਗਟਨ ਸਟੇਟ ਦੇ ਸਮਾਜਕ ਅਤੇ ਸਿਹਤ-ਸੇਵਾਵਾਂ ਬਾਰੇ ਵਿਭਾਗ | ਦਾ ਵਿਕਾਸ ਸਬੰਧੀ ਅਸਮਰੱਥਾਵਾਂ (ਅਪਾਹਜਪੁਣੇ) ਬਾਰੇ ਪ੍ਰਸ਼ਾਸਨ (DDA) |
| X | ਵਾੱਸ਼ਿੰਗਟਨ ਸਟੇਟ ਦਾ ਨੇਤਰਹੀਣਾਂ ਲਈ ਸੇਵਾਵਾਂ ਬਾਰੇ ਵਿਭਾਗ | |
| X | ਵਾੱਸ਼ਿੰਗਟਨ ਸਟੇਟ ਦੀਆਂ ਕਾਉਂਟੀਆਂ: ਪਿਛਲੀ, ਮੌਜੂਦਾ ਜਾਂ ਭਵਿੱਖ ਦੀ ਰਿਹਾਇਸ਼ | |
| X | ਨਾਬਾਲਗ਼ਾਂ ਬਾਰੇ ਅਦਾਲਤ, ਸੁਧਾਰ-ਘਰਾਂ ਬਾਰੇ ਵਿਭਾਗ | |
| X | ਯੂਨਾਇਟਿਡ ਇੰਡੀਅਨਸ ਆੱਫ਼ ਆੱਲ ਟ੍ਰਾਈਬਸ ਫਾਉਂਡੇਸ਼ਨ | |
| X | ਸਰਕਾਰੀ ਜਾਂ ਪ੍ਰਾਈਵੇਟ ਸਕੂਲ (ਸਕੂਲਾਂ) ਵਿੱਚ ਜਾਂਦਾ/ਜਾਂਦੀ ਹੈ | |
| X | ਭਾਈਚਾਰਕ ਕਾੱਲਿਜ, ਜਿਹਨਾਂ ਵਿੱਚ ਅਪਲਾਈ ਕੀਤਾ ਹੈ ਅਤੇ/ਜਾਂ ਜਾਂਦਾ/ਜਾਂਦੀ ਹੈ | |
| X | ਕਿੱਤਾਮੁਖੀ ਤਕਨੀਕੀ ਪ੍ਰੋਗਰਾਮਾਂ ਵਿੱਚ ਅਪਲਾਈ ਕੀਤਾ ਹੈ ਅਤੇ/ਜਾਂ ਜਾਂਦਾ/ਜਾਂਦੀ ਹੈ | |
| X | DDECSD ਨਾਲ ਇਕਰਾਰਨਾਮੇ ਵਾਲੇ ਰੋਜ਼ਗਾਰ ਸਬੰਧੀ ਵੈਂਡਰ | |
| X | ਐਡਵੋਕੇਸੀ ਜੱਥੇਬੰਦੀਆਂ | ਆਰਕ ਆੱਫ਼ ਕਿੰਗ ਕਾਉਂਟੀ, ਓਪਨ ਡੋਰਸ ਫ਼ੌਰ ਮਲਟੀਕਲਚਰਲ ਫ਼ੈਮਿਲੀਜ਼ |
| X | ਰਿਹਾਇਸ਼ੀ ਜਾਂ ਬਾਲਗ਼ ਪਰਿਵਾਰ ਲਈ ਘਰੇਲੂ ਸੇਵਾਵਾਂ ਬਾਰੇ ਪ੍ਰੋਵਾਈਡਰ | |
| X | DDECSD ਨਾਲ ਇਕਰਾਰਨਾਮੇ ਵਾਲੇ ਤਕਨੀਕੀ ਸਹਾਇਕ ਵੈਂਡਰ | |

ਵਿਓਂਤਬੰਦੀ ਅਤੇ ਕਿੱਤਾਮੁਖੀ ਸੇਵਾਵਾਂ ਉਪਲਬਧ ਕਰਾਉਣ ਸਬੰਧੀ ਮਾਲੀ ਜਾਂ ਕੋਈ ਹੋਰ ਲੋੜੀਂਦੀ ਜਾਣਕਾਰੀ ਜਾਰੀ ਕਰਨ ਲਈ

| | | |
|---|---|---|
| X | ਕਿੰਗ ਕਾਉਂਟੀ ਭਾਈਚਾਰਕ ਅਤੇ ਮਨੁੱਖੀ ਸੇਵਾਵਾਂ ਬਾਰੇ ਵਿਭਾਗ | ਵਿਕਾਸ ਸਬੰਧੀ ਅਸਮਰੱਥਾਵਾਂ (ਅਪਾਹਜਪੁਣੇ) ਅਤੇ ਮੁਢਲੇ ਬਚਪਨ ਦੀ ਸਹਾਇਤਾ ਡਿਵੀਜ਼ਨ (DDECSD) |
| X | ਵਾੱਸ਼ਿੰਗਟਨ ਸਟੇਟ ਦੇ ਸਮਾਜਕ ਅਤੇ ਸਿਹਤ-ਸੇਵਾਵਾਂ ਬਾਰੇ ਵਿਭਾਗ | ਕਿੱਤਾਮੁਖੀ ਮੁੜ-ਵਸੇਬਾ ਡਿਵੀਜ਼ਨ (DVR) |
| X | ਵਾੱਸ਼ਿੰਗਟਨ ਸਟੇਟ ਦੇ ਸਮਾਜਕ ਅਤੇ ਸਿਹਤ-ਸੇਵਾਵਾਂ ਬਾਰੇ ਵਿਭਾਗ | ਦਾ ਵਿਕਾਸ ਸਬੰਧੀ ਅਸਮਰੱਥਾਵਾਂ (ਅਪਾਹਜਪੁਣੇ) ਬਾਰੇ ਪ੍ਰਸ਼ਾਸਨ (DDA) |
| X | ਵਾੱਸ਼ਿੰਗਟਨ ਸਟੇਟ ਦਾ ਨੇਤਰਹੀਣਾਂ ਲਈ ਸੇਵਾਵਾਂ ਬਾਰੇ ਵਿਭਾਗ | |
| X | ਵਾੱਸ਼ਿੰਗਟਨ ਸਟੇਟ ਦੀਆਂ ਕਾਉਂਟੀਆਂ: ਪਿਛਲੀ, ਮੌਜੂਦਾ ਜਾਂ ਭਵਿੱਖ ਦੀ ਰਿਹਾਇਸ਼ | |
| X | ਨਾਬਾਲਗ਼ਾਂ ਬਾਰੇ ਅਦਾਲਤ, ਸੁਧਾਰ-ਘਰਾਂ ਬਾਰੇ ਵਿਭਾਗ | |
| X | ਯੂਨਾਇਟਿਡ ਇੰਡੀਅਨਸ ਆੱਫ਼ ਆੱਲ ਟ੍ਰਾਈਬਸ ਫਾਉਂਡੇਸ਼ਨ | |
| X | ਸਰਕਾਰੀ ਜਾਂ ਪ੍ਰਾਈਵੇਟ ਸਕੂਲ (ਸਕੂਲਾਂ) ਵਿੱਚ ਜਾਂਦਾ/ਜਾਂਦੀ ਹੈ | |
| X | ਭਾਈਚਾਰਕ ਕਾੱਲਿਜ, ਜਿਹਨਾਂ ਵਿੱਚ ਅਪਲਾਈ ਕੀਤਾ ਹੈ ਅਤੇ/ਜਾਂ ਜਾਂਦਾ/ਜਾਂਦੀ ਹੈ | |
| X | ਕਿੱਤਾਮੁਖੀ ਤਕਨੀਕੀ ਪ੍ਰੋਗਰਾਮਾਂ ਵਿੱਚ ਅਪਲਾਈ ਕੀਤਾ ਹੈ ਅਤੇ/ਜਾਂ ਜਾਂਦਾ/ਜਾਂਦੀ ਹੈ | |
| X | DDECSD ਨਾਲ ਇਕਰਾਰਨਾਮੇ ਵਾਲੇ ਰੋਜ਼ਗਾਰ ਸਬੰਧੀ ਵੈਂਡਰ | |
| X | ਐਡਵੋਕੇਸੀ ਜੱਥੇਬੰਦੀਆਂ | ਆਰਕ ਆੱਫ਼ ਕਿੰਗ ਕਾਉਂਟੀ, ਓਪਨ ਡੋਰਸ ਫ਼ੌਰ ਮਲਟੀਕਲਚਰਲ ਫ਼ੈਮਿਲੀਜ਼ |
| X | ਰਿਹਾਇਸ਼ੀ ਜਾਂ ਬਾਲਗ਼ ਪਰਿਵਾਰ ਲਈ ਘਰੇਲੂ ਸੇਵਾਵਾਂ ਬਾਰੇ ਪ੍ਰੋਵਾਈਡਰ | |
| X | DDECSD ਨਾਲ ਇਕਰਾਰਨਾਮੇ ਵਾਲੇ ਤਕਨੀਕੀ ਸਹਾਇਕ ਵੈਂਡਰ | |

ਮੈਂ ਸਮਝਦਾ/ਸਮਝਦੀ ਹਾਂ ਕਿ ਇਹ ਜਾਣਕਾਰੀ ਗੁਪਤ ਰੱਖੀ ਜਾਏਗੀ ਅਤੇ ਇਸ ਕਰਕੇ ਕਿੰਗ ਕਾਉਂਟੀ ਦੀ ਵਿਕਾਸ ਸਬੰਧੀ ਅਸਮਰੱਥਾਵਾਂ (ਅਪਾਹਜ) ਅਤੇ ਮੁਢਲੇ ਬਚਪਨ ਬਾਰੇ ਸਹਾਇਤਾ ਡਿਵੀਜ਼ਨ ਨਾਲ ਮੇਰੀਆਂ ਸੇਵਾਵਾਂ 'ਤੇ ਅਸਰ ਨਹੀਂ ਪਏਗਾ।

______________________________ ______________

ਵਿਦਿਆਰਥੀ ਦੇ ਦਸਤਖ਼ਤ ਤਾਰੀਖ਼

______________________________ ______________

ਸਰਪ੍ਰਸਤ ਦੇ ਦਸਤਖ਼ਤ (ਜੇ ਵਿਦਿਆਰਥੀ ਤੋਂ ਅਲਾਵਾ ਕੋਈ ਹੋਰ ਹੈ) ਤਾਰੀਖ਼

King County
Department of Community and Human Services
**Developmental Disabilities and Early Childhood Supports Division**
401 Fifth Avenue, CNK-HS-0500
Seattle, WA 98104
ਫੋਨ: 206-263-9105
TTY: 711
ਫ਼ੈਕਸ: 206-205-1632
www.kingcounty.gov/ddd/

# ਫੋਟੋਆਂ ਵਾਲੀ ਸਹਿਮਤੀ ਅਤੇ ਰਿਲੀਜ਼

## ਸਕੂਲ-ਤੋਂ-ਕੰਮ ਦੀਆਂ ਬਿਹਰੀਨ ਪ੍ਰੈਕਟਿਸਾਂ ਬ੍ਰੋਸ਼ਰ, ਪ੍ਰਚਾਰ-ਸਮਗ੍ਰੀਆਂ, ਵੀਡੀਓ ਅਤੇ ਕਾਮਯਾਬ ਕਹਾਣੀਆਂ।

________________________________________
ਵਿਦਿਆਰਥੀ ਦਾ ਨਾਂ

________________________________________
ਪਤਾ

________________________________________
ਸ਼ਹਿਰ, ਸਟੇਟ, ਜ਼ਿਪ

ਮੈਂ, ਇਸ ਤਰ੍ਹਾਂ ਕਿੰਗ ਕਾਉਂਟੀ ਲਈ ਵਰਲਡ ਵਾਈਡ ਵੈਬ ਇੰਟਰਨੈਟ ਪੇਜਾਂ, ਪਬਲੀਕੇਸ਼ਨ, ਡਿਸਪਲੇ, ਵੀਡੀਓ ਪੇਸ਼ਕਾਰੀਆਂ ਅਤੇ ਇਸ਼ਤਿਹਾਰਬਾਜ਼ੀ ਦੇ ਉਦੇਸ਼ਾਂ ਲਈ ਖਿੱਚੀਆਂ ਗਈਆਂ ਸਾਰੀਆਂ ਫੋਟੋਆਂ ਦੀ ਵਰਤੋਂ ਕਰਨ ਅਤੇ ਮੁੜ-ਤਿਆਰ ਕਰਨ ਲਈ ਸਹਿਮਤੀ ਅਤੇ ਆਪਣੀ ਅਗਾਊਂ ਆਗਿਆ ਦਿੰਦਾ/ਦਿੰਦੀ ਹਾਂ। ਮੈਂ ਸਮਝਦਾ/ਸਮਝਦੀ ਹਾਂ ਕਿ ਸਾਰੀਆਂ ਡਿਜੀਟਲ ਫ਼ਾਈਲਾਂ, ਨੈਗੇਟਿਵ, ਫੋਟੋਆਂ, ਪ੍ਰਿੰਟ ਅਤੇ ਟ੍ਰਾਂਸਪੇਰੈਂਸੀਆਂ ਕਿੰਗ ਕਾਉਂਟੀ ਦੀ ਸੰਪਤੀ ਹੋਏਗੀ ਅਤੇ ਮੈਨੂੰ ਮੁਆਵਜ਼ਾ ਦਿੱਤੇ ਬਿਨਾ, ਉਹ ਇਹਨਾਂ ਦੀ ਵਰਤੋਂ ਕਰ ਸਕਦੀ ਹੈ ਅਤੇ ਮੁੜ-ਤਿਆਰ ਕਰ ਸਕਦੀ ਹੈ। ਕਿੰਗ ਕਾਉਂਟੀ ਦੀਆਂ ਫੋਟੋਆਂ  ਸਰਬਜਨਕ ਖੇਤਰ ਵਿੱਚ ਹਨ ਅਤੇ ਇਹ ਕਾੱਪੀਰਾਈਟ ਹੇਠ ਆਉਂਦੀਆਂ ਹਨ ਅਤੇ ਇਹਨਾਂ ਦੀ ਵਪਾਰਕ ਤੌਰ 'ਤੇ ਵਰਤੋਂ ਨਹੀਂ ਕੀਤੀ ਜਾ ਸਕਦੀ। ਵਰਤੋਂ ਦੀਆਂ ਉਦਾਹਰਣਾਂ ਵਿੱਚ ਬ੍ਰੋਸ਼ਰ, ਵੀਡੀਓ, ਕਾਮਯਾਬ ਕਹਾਣੀਆਂ, ਵਿਧਾਨਕ ਫ਼ੋਰਮ ਸਮਗ੍ਰੀਆਂ ਅਤੇ ਇੰਟਰਨੈਟ ਪੇਜ ਸ਼ਾਮਿਲ ਹਨ, ਪਰ ਇਹਨਾਂ ਤੱਕ ਸੀਮਤ ਨਹੀਂ ਹਨ।

ਮੈਂ, ਇਸ ਤਰ੍ਹਾਂ ਕਿੰਗ ਕਾਉਂਟੀ ਅਤੇ ਲੇਖਕ ਨੂੰ ਕਿਸੇ ਵੀ ਅਤੇ ਸਾਰੇ ਦਾਅਵਿਆਂ ਅਤੇ ਫੋਟੋਆਂ ਅਤੇ ਟੈਕਸਟ ਦੀ ਵਰਤੋਂ ਬਾਰੇ ਸਾਹਮਣੇ ਆਉਣ ਵਾਲੇ ਕਿਸੇ ਅਤੇ ਸਾਰੇ ਦਾਅਵਿਆਂ ਤੋਂ ਮੁਕਤ ਕਰਦਾ/ਕਰਦੀ ਹਾਂ, ਜਿਸ ਵਿੱਚ ਮਾਣ-ਹਾਨੀ ਦੇ ਕੋਈ ਵੀ ਅਤੇ ਸਾਰੇ ਦਾਅਵੇ ਸ਼ਾਮਿਲ ਹਨ।

☐ **ਮੈਂ 18 ਸਾਲ ਜਾਂ ਵੱਧ ਉਮਰ ਦਾ/ਦੀ ਹਾਂ**

____________________________ _______________
ਵਿਦਿਆਰਥੀ ਦੇ ਦਸਤਖ਼ਤ ਤਾਰੀਖ਼

**ਮੁਕੰਮਲ ਕਰੋ, ਜੇ ਮਾੱਡਲ 18 ਸਾਲ ਤੋਂ ਘੱਟ ਉਮਰ ਦਾ/ਦੀ ਹੈ ਜਾਂ ਸਰਪ੍ਰਸਤ ਹੈ**

**ਮੈਂ ਪੁਸ਼ਟੀ ਕਰਦਾ/ਕਰਦੀ ਹਾਂ ਕਿ ਮੈਂ ਦਿੱਤੇ ਗਏ ਨਾਂ ਵਾਲੇ ਮਾੱਡਲ ਦਾ ਸਰਪ੍ਰਸਤ ਹਾਂ ਅਤੇ ਕਿੰਗ ਕਾਉਂਟੀ/ਮੈਟ੍ਰੋ ਦੀ ਵਰਤੋਂ ਅਤੇ ਦੱਸੀ ਗਈ ਫੋਟੋ ਫਿਰ ਤੋਂ ਤਿਆਰ ਕਰਨ ਲਈ ਆਪਣੀ ਪੂਰੀ ਸਹਿਮਤੀ ਦਿੰਦਾ/ਦਿੰਦੀ ਹਾਂ।**

____________________________ _______________
ਸਰਪ੍ਰਸਤ ਦੇ ਦਸਤਖ਼ਤ ( ਜੇ ਵਿਦਿਆਰਥੀ ਤੋਂ ਅਲਾਵਾ ਕੋਈ ਹੋਰ ਹੈ) ਤਾਰੀਖ਼

ਹਾਲਾਂਕਿ, ਆਮ ਤੌਰ 'ਤੇ ਅਖ਼ਬਾਰਾਂ ਅਤੇ ਪੱਤਰਕਾਰੀ ਸਬੰਧੀ ਫੋਟੋਆਂ ਲਈ ਮਾੱਡਲ ਨੂੰ ਸਰਬਜਨਕ ਕਰਨ ਦੀ ਲੋੜ ਨਹੀਂ ਪੈਂਦੀ, ਉਹ ਰਾਜ਼ਦਾਰੀ ਵਿੱਚ ਦਖ਼ਲ ਦੇਣ ਲਈ ਕਿੰਗ ਕਾਉਂਟੀ ਦੀ ਜਵਾਬਦੇਹੀ ਨੂੰ ਘੱਟ ਕਰ ਸਕਦੀਆਂ ਹਨ। ਇਹਨਾਂ ਲਈ ਫ਼ਾਰਮਾਂ ਦੀ ਲੋੜ ਨਹੀਂ ਪੈਂਦੀ: ਸਰਕਾਰੀ ਪ੍ਰੋਗਰਾਮਾਂ ਵਿੱਚ ਸਮੂਹਾਂ, ਕਿੰਗ ਕਾਉਂਟੀ ਦੇ ਮੁਲਾਜ਼ਮ ਸਰਕਾਰੀ ਡਿਊਟੀਆਂ ਨਿਭਾਉਂਦੇ ਹੋਏ ਅਤੇ ਨਵੀਆਂ ਫੋਟੋਆਂ (ਜਦ ਤੱਕ ਕਿ ਉਹਨਾਂ ਨੂੰ ਸ਼ਰਮਨਾਕ ਨਹੀਂ ਮੰਨਿਆ ਜਾ ਸਕਦਾ)। ਇੰਟਰਨੈਟ 'ਤੇ ਵਰਤੀਆਂ ਜਾਣ ਵਾਲੀਆਂ ਫੋਟੋਆਂ ਲਈ ਮਾੱਡਲ ਦੀਆਂ ਰਿਲੀਜ਼ਾਂ ਦੀ ਲੋੜ ਪੈਂਦੀ ਹੈ। ਜੇ ਕਿਹਾ ਜਾਂਦਾ ਹੈ, ਤਾਂ ਫੋਟੋਗ੍ਰਾਫਰ ਨੂੰ ਇੱਕ ਖ਼ਾਸ ਵਿਅਕਤੀ ਦੀ ਫੋਟੋ ਨਹੀਂ ਖਿੱਚਣੀ ਚਾਹੀਦੀ, ਫੋਟੋਗ੍ਰਾਫਰ ਨੂੰ ਇਹ ਗੱਲ ਮੰਨਣੀ ਚਾਹੀਦੀ ਹੈ। ਜਦੋਂ ਸੰਭਵ ਹੋਏ, ਤਾਂ ਫੋਟੋਗ੍ਰਾਫਰ ਨੂੰ ਉਹਨਾਂ ਲੋਕਾਂ ਨੂੰ ਦੱਸਣਾ ਚਾਹੀਦਾ ਹੈ ਕਿ ਇਹ ਫੋਟੋਆਂ ਆਮ ਉਦੇਸ਼ਾਂ ਲਈ ਖਿੱਚੀਆਂ ਗਈਆਂ ਹਨ। ਜੇ ਕੋਈ ਵੀ ਵਿਅਕਤੀ, ਵਿਸ਼ੇਸ਼ ਪਬਲੀਕੇਸ਼ਨਾਂ ਜਾਂ ਹੋਰ ਉਦੇਸ਼ਾਂ ਲਈ ਫੋਟੋ ਦੀ ਵਰਤੋਂ ਨਾ ਕਰਨ ਲਈ ਕਹਿੰਦਾ/ਕਹਿੰਦੀ ਹੈ, ਤਾਂ ਇਹ ਗੱਲ ਸਹਿਮਤੀ ਫ਼ਾਰਮ 'ਤੇ ਲਿਖਣੀ ਚਾਹੀਦੀ ਹੈ ਅਤੇ ਇਸ 'ਤੇ ਮਾੱਡਲ ਅਤੇ ਫੋਟੋਗ੍ਰਾਫਰ ਵਲੋਂ ਦਸਤਖ਼ਤ ਕੀਤੇ ਜਾਣੇ ਚਾਹੀਦੇ ਹਨ। ਜਦੋਂ ਤੱਕ ਕਿੰਗ ਕਾਉਂਟੀ ਵਲੋਂ ਡਿਜੀਟਲ ਫ਼ਾਈਲਾਂ, ਟ੍ਰਾਂਸਪੇਰੈਂਸੀਆਂ, ਪ੍ਰਿੰਟ ਜਾਂ ਨੈਗੇਟਿਵ ਰੱਖੇ ਜਾਂਦੇ ਹਨ, ਤਾਂ ਏਜੰਸੀ ਵਲੋਂ ਦਸਤਖ਼ਸ਼ੁਦਾ ਸਹਿਮਤੀ ਫ਼ਾਰਮ ਜ਼ਰੂਰ ਰੱਖਣੇ ਚਾਹੀਦੇ ਹਨ।

King County

Department of Community and Human Services

**Developmental Disabilities and Early Childhood Supports Division**

# ਵਿਦਿਆਰਥੀਆਂ, ਪਰਿਵਾਰਾਂ, ਸਰਪ੍ਰਸਤਾਂ ਅਤੇ ਮੁੱਖ ਸਹਾਇਕਾਂ ਲਈ ਕਿੰਗ ਕਾਉਂਟੀ ਸਕੂਲ-ਤੋਂ-ਕੰਮ (S2W) ਪ੍ਰੋਗਰਾਮ ਬਾਰੇ ਜਾਣਕਾਰੀ

ਵਿਦਿਆਰਥੀ ਦੀ ਜ਼ਿੰਦਗੀ ਵਿਚਲੇ ਅਹਿਮ ਲੋਕਾਂ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਹ ਕਿੰਗ ਕਾਉਂਟੀ S2W ਪ੍ਰੋਗਰਾਮ ਦੇ ਮੌਕਿਆਂ ਅਤੇ ਜ਼ਿੰਮੇਵਾਰੀਆਂ ਨੂੰ ਸਮਝਣ, ਆਪਣੇ ਵਿਦਿਆਰਥੀ ਦੇ ਟੀਚਿਆਂ ਦੀ ਮਦਦ ਕਰਨ ਲਈ ਸਹਿਮਤ ਹੋਣ ਅਤੇ ਭੁਗਤਾਨ ਵਾਲੇ ਰੋਜ਼ਗਾਰ ਲੱਭਣ ਦੇ ਤਰੀਕੇ ਵਾਲੀਆਂ ਕਾਰਵਾਈਆਂ ਵਿੱਚ ਹਿੱਸਾ ਲੈਣ। ਇਸ ਦਸਤਾਵੇਜ਼ ਵਿੱਚ S2W ਪ੍ਰੋਗਰਾਮ ਬਾਰੇ ਅਕਸਰ ਸਭ ਤੋਂ ਵੱਧ ਪੁੱਛੇ ਜਾਣ ਵਾਲੇ ਸੁਆਲ ਦਿੱਤੇ ਗਏ ਹਨ ਅਤੇ ਵਿਦਿਆਰਥੀਆਂ ਅਤੇ ਉਹਨਾਂ ਦੇ ਮੁੱਖ ਸਹਾਇਕ ਲੋਕਾਂ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਬਾਰੇ ਦੱਸਿਆ ਗਿਆ ਹੈ।

## ਪਰਿਵਾਰ/ਮੁੱਖ ਸਹਾਇਕ ਵਿਅਕਤੀ (ਵਿਅਕਤੀਆਂ) ਅਤੇ ਵਿਦਿਆਰਥੀ ਦੀਆਂ ਜ਼ਿੰਮੇਵਾਰੀਆਂ ਕੀ ਹਨ?

- ਇਹ ਸਿਖਣਾ ਕਿ ਪ੍ਰੋਗਰਾਮ ਕਿਵੇਂ ਕੰਮ ਕਰਦਾ ਹੈ, ਹੇਠਾਂ ਦਿੱਤੇ ਵਿਸ਼ਿਆਂ ਬਾਰੇ ਜਾਣਨ ਲਈ ਸਹਿਮਤ ਹੋਣਾ, ਕਿਉਂਕਿ ਇਹ ਵਿਸ਼ੇ ਉਹਨਾਂ ਦੇ ਵਿਦਿਆਰਥੀ ਦੇ ਕੰਮ ਦੇ ਟੀਚਿਆਂ ਨਾਲ ਜੁੜੇ ਹੋਏ ਹਨ।
    - ਸੋਸ਼ਲ ਸਿਕਿਓਰਿਟੀ ਲਾਭ, ਕੰਮ ਦੀਆਂ ਰਿਆਇਤਾਂ ਅਤੇ ਕੰਮ/Medicaid ਅਤੇ ਕੰਮ
    - ਰੋਜ਼ਗਾਰ ਸੇਵਾਵਾਂ ਲਈ ਫ਼ੰਡਿੰਗ ਦਸਤਖ਼ਤ _____
- ਸਕੂਲ ਤੋਂ ਬਾਲਗ਼ ਸੇਵਾਵਾਂ ਵਿੱਚ ਤਬਦੀਲੀ, ਸਕੂਲ-ਤੋਂ-ਕੰਮ ਪ੍ਰੋਗਰਾਮ ਨੂੰ ਸਮਝਣ ਅਤੇ ਸਕੂਲ-ਤੋਂ-ਕੰਮ ਰੋਜ਼ਗਾਰ ਸੇਵਾ ਏਜੰਸੀਆਂ ਨਾਲ ਜੁੜਣ ਬਾਰੇ ਜਾਣਨ ਲਈ ਭਾਈਚਾਰਕ ਪਹੁੰਚ ਪ੍ਰੋਗਰਾਮਾਂ ਵਿੱਚ ਹਿੱਸਾ ਲੈਣਾ। ਦਸਤਖ਼ਤ _____
- ਆਪਣੀ ਡਿਸਟ੍ਰਿਕਟ ਨਾਲ ਮਿਲਕੇ ਕੰਮ ਕਰਨਾ. ਪਤਾ ਲਾਉਣਾ ਜੇ ਡਿਸਟ੍ਰਿਕਟ ਨੇ ਤਿਆਰ ਕੀਤੇ ਗਏ ਮਾੱਡਲ ਰਾਹੀਂ ਸਾਰੇ ਵਿਦਿਆਰਥੀਆਂ ਨਾਲ ਕੰਮ ਕਰਨ ਲਈ ਰੋਜ਼ਗਾਰ ਸੇਵਾ ਏਜੰਸੀ ਚੁਣੀ ਹੈ। ਦਸਤਖ਼ਤ _____
- ਜੇ ਨਹੀਂ, ਤਾਂ ਵਿਦਿਆਰਥੀ ਅਤੇ ਮੁੱਖ ਸਹਾਇਕ ਵਿਅਕਤੀ (ਵਿਅਕਤੀਆਂ) ਨੂੰ ਜਿਸ ਏਜੰਸੀ ਨਾਲ ਉਹ ਕੰਮ ਕਰਨਾ ਚਾਹੁੰਦਾ/ਚਾਹੁੰਦੀ ਹੈ, ਦਾ ਫ਼ੈਸਲਾ ਕਰਨ ਲਈ ਤਿੰਨ ਰੋਜ਼ਗਾਰ ਸੇਵਾ ਏਜੰਸੀਆਂ ਦਾ ਇੰਟਰਵਿਊ ਕਰਨ ਅਤੇ ਆਪਣੇ ਰੋਜ਼ਗਾਰ ਸਲਾਹਕਾਰ (ਕੋਚ, ਸਪੈਸ਼ਲਿਸਟ) ਨੂੰ ਮਿਲਣ ਲਈ ਪ੍ਰੇਰਿਆ ਜਾਂਦਾ ਹੈ। ਜਾੱਬ ਫ਼ਾਉਂਡੇਸ਼ਨਾਂ ਵਿੱਚ ਹਿੱਸਾ ਲੈ ਰਹੇ ਵਿਦਿਆਰਥੀਆਂ ਨੂੰ ਆਪਣੇ ਦੂਜੇ-ਤੋਂ-ਅੰਤਮ ਸਾਲ ਦੀ ਪਤਝੜ ਵਿੱਚ ਇੱਕ ਏਜੰਸੀ ਚੁਣਨ ਲਈ ਪ੍ਰੇਰਿਆ ਜਾਂਦਾ ਹੈ। ਸਾਰੇ ਵਿਦਿਆਰਥੀਆਂ ਨੂੰ ਆਪਣੀ ਤਬਦੀਲੀ ਦੇ ਅੰਤਮ ਸਾਲ ਤੋਂ ਪਹਿਲਾਂ ਗਰਮੀਆਂ ਤੱਕ ਹੀ ਆਪਣੀ ਏਜੰਸੀ ਚੁਣਨ ਲਈ ਪ੍ਰੇਰਿਆ ਜਾਂਦਾ ਹੈ ਦਸਤਖ਼ਤ _____
- ਰੋਜ਼ਗਾਰ ਹਾਸਿਲ ਕਰਨ ਤੋਂ ਪਹਿਲਾਂ, ਵਿਦਿਆਰਥੀ ਮੈਟ੍ਰੋ ਜਾਂ ਐਕਸੈਸ ਵਰਗੀ ਭਾਈਚਾਰਕ ਟ੍ਰਾਂਸਪੋਰਟੇਸ਼ਨ ਦੀ ਵਰਤੋਂ ਕਿਵੇਂ ਕਰਨੀ ਹੈ, ਬਾਰੇ ਜਾਣਨ ਦੇ ਨਾਲ ਹੀ ਆਪਣੀ ਖ਼ੁਦ ਦੀ ਟ੍ਰਾਂਸਪੋਰਟ ਲਈ ਜ਼ਿੰਮੇਵਾਰ ਹੋਣਗੇ। ਦਸਤਖ਼ਤ _____
- ਮਾਤਾ-ਪਿਤਾ/ ਅਤੇ ਹੋਰ ਮੁੱਖ ਸਹਾਇਕ ਵਿਅਕਤੀਆਂ ਨੂੰ ਰਚਨਾਤਮਕ ਵਿਚਾਰ ਸਾਂਝੇ ਕਰਨ, ਭਾਈਚਾਰੇ ਨਾਲ ਸਬੰਧਾਂ ਅਤੇ ਲੋੜ ਅਨੁਸਾਰ ਸੰਭਵ ਸੇਧਾਂ ਲਈ ਸੰਪਰਕ ਜਾਣਕਾਰੀ ਰਾਹੀਂ ਨੌਕਰੀ ਵਿੱਚ ਵਾਧਾ ਕਰਨ ਦੀ ਕਾਰਵਾਈ ਦਾ ਹਿੱਸਾ ਬਣਨਾ ਚਾਹੀਦਾ ਹੈ। ਬਹੁਤੇ ਲੋਕਾਂ ਨੂੰ ਆਪਣੇ ਪਰਿਵਾਰਕ ਸਬੰਧਾਂ ਕਰਕੇ ਨੌਕਰੀ ਮਿਲਦੀ ਹੈ! ਦਸਤਖ਼ਤ _____
- ਵਿਦਿਆਰਥੀਆਂ ਦਾ ਨਾਂ ਸਕੂਲ ਵਿੱਚ ਜ਼ਰੂਰ ਰਜਿਸਟਰ ਹੋਣਾ ਚਾਹੀਦਾ ਹੈ:
    - ਸਕੂਲ ਦਾ ਸਟਾਫ਼ ਸਿਖਲਾਈ ਅਤੇ ਇੰਟਰਨੈਟ ਸਹਾਇਤਾ ਮੁਹੱਈਆ ਕਰਦਾ ਹੈ; ਇੰਜ ਉਹ ਤਾਂ ਹੀ ਕਰ ਸਕਦੇ ਹਨ, ਜੇ ਵਿਦਿਆਰਥੀਆਂ ਦਾ ਨਾਂ ਸਕੂਲ ਵਿੱਚ ਰਜਿਸਟਰਡ ਹੋਵੇ। ਨੌਕਰੀਆਂ ਨੂੰ ਸਕੂਲ ਵਾਲੇ ਦਿਨ ਦੇ ਹਿੱਸੇ ਵਜੋਂ ਸ਼ਾਮਿਲ ਕੀਤਾ ਜਾ ਸਕਦਾ ਹੈ ਅਤੇ ਵਿਦਿਆਰਥੀ ਕਲਾਸ ਵਿੱਚ ਬਹੁਤ ਘੱਟ ਘੰਟੇ ਲਾ ਸਕਦਾ ਹੈ। ਦਸਤਖ਼ਤ _____
    - ਕਈ ਵਾਰੀ ਵਿਦਿਆਰਥੀ ਆਪਣੀ ਪਹਿਲੀ ਨੌਕਰੀ ਹੀ ਖੁੰਝਾ ਲੈਂਦੇ ਹਨ ਅਤੇ ਉਹਨਾਂ ਨੂੰ ਇੱਕ ਹੋਰ ਨੌਕਰੀ ਮਿਲਣ ਤੱਕ ਸੇਵਾਵਾਂ ਲਈ ਡਿਸਟ੍ਰਿਕਟ ਜਾਣਾ ਪੈਂਦਾ ਹੈ। ਦਸਤਖ਼ਤ _____

## ਸਾਰੇ ਖਿਡਾਰੀ ਇਕੱਠਿਆਂ ਕਿਵੇਂ ਕੰਮ ਕਰਦੇ ਹਨ?

ਇਸ ਪ੍ਰੋਗਰਾਮ ਲਈ ਟੀਮ ਵਾਂਗ ਕੰਮ ਕਰਨ ਵਾਲਾ ਨਜ਼ਰੀਆ ਚਾਹੀਦਾ ਹੈ! ਮੁੱਖ ਟੀਮ ਮੈਂਬਰਾਂ ਵਿੱਚ ਵਿਦਿਆਰਥੀ, ਉਸਦਾ ਪਰਿਵਾਰ/ਮੁੱਖ ਸਹਾਇਕ ਵਿਅਕਤੀ, ਉਸਦਾ ਅਧਿਆਪਕ ਅਤੇ ਸਕੂਲ ਦਾ ਦੂਜਾ ਸਟਾਫ਼, ਰੋਜ਼ਗਾਰ ਸੇਵਾ ਏਜੰਸੀ, ਵਾਸ਼ਿੰਗਟਨ ਸਟੇਟ ਦੇ ਸਮਾਜਕ ਅਤੇ ਸਿਹਤ-ਸੇਵਾਵਾਂ ਬਾਰੇ ਵਿਭਾਗ ਦੀ ਕਿੱਤਾਮੁਖੀ ਮੁੜ-ਵਸੇਬਾ ਡਿਵੀਜ਼ਨ (DSHS/DVR) ਦਾ ਸਲਾਹਕਾਰ ਅਤੇ ਵਿਕਾਸ ਸਬੰਧੀ ਅਸਮਰੱਥਾਵਾਂ (ਅਪਾਹਜਪੁਣੇ) ਬਾਰੇ ਪ੍ਰਸ਼ਾਸਨ (DDA) ਦਾ ਕੇਸ ਮੈਨੇਜਰ ਸ਼ਾਮਿਲ ਹੁੰਦਾ ਹੈ।

- ਕਾਮਯਾਬੀ ਲਈ ਖੁੱਲ੍ਹਕੇ ਗੱਲਬਾਤ ਕਰਨਾ ਅਤੇ ਸਪਸ਼ਟ ਉਮੀਦਾਂ ਰਖਣੀਆਂ ਜ਼ਰੂਰੀ ਹੈ। ਆਪਣੀ ਰੋਜ਼ਗਾਰ ਸੇਵਾ ਏਜੰਸੀ ਨਾਲ ਚੰਗਾ ਰਿਸ਼ਤਾ ਬਣਾਉਣਾ ਬਹੁਤ ਜ਼ਰੂਰੀ ਹੈ, ਤਾਂਜੋ ਇਸ ਤੋਂ ਪਹਿਲਾਂ ਕਿ ਮਸਲੇ ਸਮੱਸਿਆ ਬਣਨ, ਤੁਸੀਂ ਉਸ ਨਾਲ ਗੱਲ ਕਰ ਸਕੋ। ਸ਼ੁਰੂ ਕਰਨ ਤੋਂ ਪਹਿਲਾਂ ਉਹਨਾਂ ਨੂੰ ਆਪਣੀਆਂ ਤਰਜੀਹਾਂ ਅਤੇ ਉਮੀਦਾਂ ਬਾਰੇ ਦੱਸੋ। ਬਹੁਤੇ ਮਸਲੇ ਮਹਿਜ਼ ਗ਼ਲਤਫਹਿਮੀਆਂ ਹੁੰਦੀਆਂ ਹਨ। ਜੇ ਤੁਸੀਂ ਕਾਰਵਾਈ ਦੇ ਅਮਲ ਬਾਰੇ ਪਰੇਸ਼ਾਨ ਹੋ, ਤਾਂ ਵਿਹਾਰਕ ਬਣੋ ਅਤੇ ਉਹਨਾਂ ਤੱਕ ਪਹੁੰਚ ਕਰੋ। ਹੋਰ ਮਸਲੇ ਬਾਲਗ਼ ਸੇਵਾਵਾਂ ਅਤੇ ਸਕੂਲ ਸੇਵਾਵਾਂ ਵਲੋਂ ਦਿੱਤੀਆਂ ਗਈਆਂ ਸੇਵਾਵਾਂ ਦੇ ਤਰੀਕੇ ਵਿਚਕਾਰ ਫ਼ਰਕ ਹੋਣ ਕਰਕੇ ਹੋ ਸਕਦੇ ਹਨ। ਦਸਤਖ਼ਤ _____
- ਟੀਮ ਦੇ ਮੈਂਬਰਾਂ ਨੂੰ ਮਿਲਣਾ ਅਤੇ ਵਿਚਾਰ-ਵਟਾਂਦਰਾ ਕਰਨ, ਰਣਨੀਤੀਆਂ ਤਿਆਰ ਕਰਨ ਅਤੇ ਨੌਕਰੀ ਦੇ ਵਿਕਾਸ ਅਤੇ ਸਿਖਲਾਈ ਨਾਲ ਜੁੜੀਆਂ ਜ਼ਿੰਮੇਵਾਰੀਆਂ ਬਾਰੇ ਗੱਲਬਾਤ ਕਰਨ ਲਈ ਨੇਮ ਨਾਲ ਵਿਚਾਰ-ਚਰਚਾ ਕਰਨੀ ਪੈਂਦੀ ਹੈ। ਹਾਲਾਂਕਿ, ਰੋਜ਼ਗਾਰ ਸੇਵਾ ਏਜੰਸੀ ਅਤੇ DVR ਦੀ ਸ਼ਮੂਲੀਅਤ ਵਾਲੇ ਵੱਖ-ਵੱਖ ਭਾਈਵਾਲਾਂ ਨਾਲ ਰਸਮੀ ਮੀਟਿੰਗਾਂ ਹੋਣਗੀਆਂ, ਜੇ ਕੋਈ ਸੁਆਲ ਜਾਂ ਸਰੋਕਾਰ ਹਨ, ਤਾਂ ਮੀਟਿੰਗ ਲਈ ਪੁੱਛਣ ਬਾਰੇ ਪਰਿਵਾਰ/ਸਹਾਇਕ ਵਿਅਕਤੀ (ਵਿਅਕਤੀਆਂ) ਨੂੰ ਵਿਹਾਰਕ ਹੋਣਾ ਚਾਹੀਦਾ ਹੈ। ਰੋਜ਼ਗਾਰ ਸੇਵਾ ਏਜੰਸੀ ਨੂੰ ਵਿਦਿਆਰਥੀ ਅਤੇ ਉਸ ਦੀ ਸਹਾਇਤਾ ਟੀਮ ਨੂੰ ਸਰਗਰਮੀਆਂ ਅਤੇ ਪ੍ਰਗਤੀ ਦੀ ਲਿਖਤੀ ਮਹੀਨੇਵਾਰ ਰਿਪੋਰਟ ਮੁਹੱਈਆ ਕਰਾਉਣੀ ਚਾਹੀਦੀ ਹੈ। ਦਸਤਖ਼ਤ _____

## ਜਦੋਂ ਵਿਦਿਆਰਥੀ ਨੂੰ ਨੌਕਰੀ ਮਿਲਦੀ ਹੈ, ਤਾਂ ਕੀ ਹੁੰਦਾ ਹੈ?

ਰੋਜ਼ਗਾਰ ਸੇਵਾ ਏਜੰਸੀਆਂ ਨੌਕਰੀਦਾਤਾ ਅਤੇ ਵਿਦਿਆਰਥੀ ਨਾਲ ਮਿਲਕੇ ਕੰਮ ਕਰਨਗੇ। ਜਿੰਨਾ ਸੰਭਵ ਹੋਇਆ, ਇਹ ਏਜੰਸੀਆਂ ਵਿਦਿਆਰਥੀਆਂ ਨੂੰ ਸਾਰੇ ਕਾਰਜਾਂ ਵਿੱਚ ਖ਼ੁਦਮੁਖ਼ਤਾਰ ਬਣਨ ਲਈ ਨੌਕਰੀ 'ਤੇ ਵਾਧੂ ਸਿਖਲਾਈ ਮੁਹੱਈਆ ਕਰਾਉਣਗੀਆਂ। ਸੁਰੱਖਿਆ ਅਤੇ ਨਿਗਰਾਨੀ ਸਰੋਕਾਰਾਂ ਨੂੰ ਹੱਲ ਕੀਤਾ ਜਾਏਗਾ; ਪਰ ਲੋਕਾਂ ਨੂੰ ਢੁਕਵੇਂ ਜੋਖਮ ਲੈਣ ਅਤੇ ਸੁਭਾਵਕ ਸਹਾਇਤਾ ਰਣਨੀਤੀਆਂ ਤਿਆਰ ਕਰਨ ਲਈ ਪ੍ਰੇਰਿਆ ਜਾਏਗਾ। ਜਿੰਨੇ ਵੱਧ ਵਿਦਿਆਰਥੀ ਸਿਖਲਾਈ ਲੈਕੇ ਖ਼ੁਦਮੁਖ਼ਤਾਰ ਬਣਨਗੇ, ਉਹਨਾਂ ਨੂੰ ਰੋਜ਼ਗਾਰ ਦੇ ਓਨੇ ਹੀ ਵੱਧ ਮੌਕੇ ਮਿਲਣਗੇ। ਦਸਤਖ਼ਤ _____

ਵਿਦਿਆਰਥੀ ਵਲੋਂ ਕੰਮ ਸ਼ੁਰੂ ਕਰਦਿਆਂ ਸਾਰ ਹੀ ਪ੍ਰੋਗਰਾਮ ਅਤੇ ਰੋਜ਼ ਦੇ ਰੁਟੀਨ ਬਦਲ ਸਕਦੇ ਹਨ। ਵਿਦਿਆਰਥੀ ਦੀ ਟੀਮ, ਇਹਨਾਂ ਤਬਦੀਲੀਆਂ ਰਾਹੀਂ ਅਤੇ ਕਦਰਾਂ-ਕੀਮਤਾਂ ਅਤੇ ਕੰਮ ਦੀ ਅਹਿਮੀਅਤ ਨੂੰ ਜ਼ੋਰਦਾਰ ਢੰਗ ਨਾਲ ਲਾਗੂ ਕਰਕੇ ਗੱਲਬਾਤ ਜਾਰੀ ਰੱਖਣ ਜਾਂ ਹੋਰ ਸਹਾਇਤਾ ਕਰਕੇ ਮਦਦ ਕਰ ਸਕਦੀ ਹੈ। ਦਸਤਖ਼ਤ _____

- ਕੰਮ ਦੇ ਪ੍ਰੋਗਰਾਮਾਂ ਵਿੱਚ ਸ਼ਾਮ ਦੇ ਅਤੇ/ਜਾਂ ਹਫ਼ਤੇ ਦੇ ਅਖ਼ੀਰਲੇ ਦਿਨਾਂ ਦੇ ਘੰਟੇ ਸ਼ਾਮਿਲ ਹੋ ਸਕਦੇ ਹਨ। ਮੌਸਮ ਖ਼ਰਾਬ ਹੋਣ ਕਰਕੇ ਸਕੂਲ ਬੰਦ ਹੋਣ, ਛੁੱਟੀਆਂ, ਸਮੇਂ ਤੋਂ ਪਹਿਲਾਂ ਛੁੱਟੀ ਹੋਣ 'ਤੇ ਵਿਦਿਆਰਥੀ ਤੋਂ ਕੰਮ 'ਤੇ ਜਾਣ ਦੀ ਉਮੀਦ ਕੀਤੀ ਜਾ ਸਕਦੀ ਹੈ।
    - ਜੇ ਵਿਦਿਆਰਥੀ ਬਿਮਾਰ ਹਨ, ਦੇਰ ਹੋਣੀ ਹੈ ਜਾਂ ਛੁੱਟੀਆਂ ਜਾਂ ਵਿਸ਼ੇਸ਼ ਪ੍ਰੋਗਰਾਮਾਂ ਲਈ ਛੁੱਟੀ ਲਈ ਕਹਿਣਾ ਚਾਹੁੰਦੇ ਹਨ, ਤਾਂ ਉਹਨਾਂ ਨੂੰ ਸਿੱਧਿਆਂ ਨੌਕਰੀਦਾਤਿਆਂ ਨਾਲ ਗੱਲ ਕਰਨ ਲਈ ਲੋੜ ਅਨੁਸਾਰ ਉਹਨਾਂ ਦੀ ਮਦਦ ਕਰਨੀ ਚਾਹੀਦੀ ਹੈ। ਦਸਤਖ਼ਤ _____
    - ਕੰਮ ਦੇ ਪ੍ਰੋਗਰਾਮ, ਸਕੂਲ ਦੀਆਂ ਸਰਗਰਮੀਆਂ ਜਿਵੇਂ ਮਨੋਰੰਜਕ ਸੈਰ-ਸਪਾਟੇ, ਅਸੈਂਬਲੀਆਂ, ਜਨਮ-ਦਿਨ ਦੀਆਂ ਪਾਰਟੀਆਂ ਨਾਲੋਂ ਵੱਖ ਹੋ ਸਕਦੇ ਹਨ। ਕੁਝ ਦਿਨਾਂ ਦੀ ਛੁੱਟੀ ਬਾਰੇ ਗੱਲਬਾਤ ਕਰਨਾ ਸੰਭਵ ਹੋ ਸਕਦਾ ਹੈ; ਪਰ ਜੇ ਨਹੀਂ, ਤਾਂ ਅਸੀਂ ਕਹਿੰਦੇ ਹਾਂ ਕਿ ਟੀਮ, ਵਿਦਿਆਰਥੀਆਂ ਨੂੰ ਕੰਮ ਦੀ ਚੋਣ ਕਰਨ ਅਤੇ ਆਮਦਨ ਦੀ ਵਰਤੋਂ ਕਰਨ ਜਾਂ ਚੰਗੇ ਕੰਮ/ਜ਼ਿੰਦਗੀ ਦਾ ਸੰਤੁਲਨ ਬਣਾਉਣ ਲਈ ਛੁੱਟੀ ਦੇ ਹੋਰ ਤਰੀਕੇ ਲੱਭਣ ਵਿੱਚ ਮਦਦ ਕਰੇ। ਦਸਤਖ਼ਤ _____
- ਵਿਦਿਆਰਥੀਆਂ ਨੂੰ ਕੰਮ 'ਤੇ ਡ੍ਰੈਸ ਕੋਡ ਜਾਂ ਵਰਦੀ ਪਾਉਣ ਦੀ ਪਾਲਣਾ ਕਰਨੀ ਪੈ ਸਕਦੀ ਹੈ। ਉਹਨਾਂ ਨੂੰ ਇਹ ਯਕੀਨੀ ਬਣਾਉਣ ਲਈ ਘਰ ਵਿੱਚ ਮਦਦ ਦੀ ਲੋੜ ਪੈ ਸਕਦੀ ਹੈ ਕਿ ਉਹ ਸਮੇਂ ਸਿਰ ਉੱਠਣ, ਉਹਨਾਂ ਕੋਲ ਸਾਫ਼ ਢੁਕਵੇਂ ਕਪੜੇ ਹੋਣ ਅਤੇ ਕੰਮ ਵਾਲੀ ਥਾਂ ਲਈ ਉਹਨਾਂ ਦੀ ਦਿੱਖ ਅਤੇ ਨਿਜੀ ਸਾਫ਼-ਸਫ਼ਾਈ ਢੁਕਵੀਂ ਹੈ। ਜਦੋਂ ਵੀ ਸੰਭਵ ਹੋਵੇ, ਵਿਦਿਆਰਥੀਆਂ ਨੂੰ ਇਹਨਾਂ ਕਾਰਜਾਂ ਵਿੱਚ ਹਿੱਸਾ ਲੈਣ ਲਈ ਪ੍ਰੇਰੋ! ਦਸਤਖ਼ਤ _____

- ਕੰਮ, ਇੱਕ ਵਿਦਿਆਰਥੀ ਦੇ ਦਿਨ ਜਾਂ ਹਫ਼ਤੇ ਨੂੰ ਉਸ ਤਰ੍ਹਾਂ ਭਰਪੂਰ ਨਹੀਂ ਕਰ ਸਕਦਾ, ਜਿਸ ਤਰੀਕੇ ਨਾਲ ਸਕੂਲ ਉਸ ਨੂੰ ਅੰਦਰੋਂ ਭਰਪੂਰ ਬਣਾਉਂਦਾ ਹੈ। ਹਾਲਾਂਕਿ, ਜਿੱਥੇ ਤੱਕ ਸੰਭਵ ਹੋਵੇ ਵਿਦਿਆਰਥੀਆਂ ਨੂੰ ਫੁੱਲ-ਟਾਈਮ ਕੰਮ ਕਰਨ ਲਈ ਪ੍ਰੇਰਿਆ ਜਾਂਦਾ ਹੈ, ਪਰ ਬਹੁਤੇ ਵਿਦਿਆਰਥੀ ਪਾਰਟ-ਟਾਈਮ ਨੌਕਰੀਆਂ ਨਾਲ ਸ਼ੁਰੂ ਕਰਦੇ ਹਨ। ਹਾਲਾਂਕਿ, ਪ੍ਰੋਗਰਾਮ ਦਾ ਮੁਢਲਾ ਟੀਚਾ ਭੁਗਤਾਨ ਵਾਲੀ ਨੌਕਰੀ ਹੈ, ਇਸ ਲਈ ਵਿਦਿਆਰਥੀਆਂ ਅਤੇ ਉਹਨਾਂ ਦੇ ਪਰਿਵਾਰਾਂ/ਮੁੱਖ ਸਹਾਇਕ ਵਿਅਕਤੀ (ਵਿਅਕਤੀਆਂ) ਨੂੰ ਸਕੂਲ ਦੀ ਪੜ੍ਹਾਈ ਖ਼ਤਮ ਹੋਣ ਤੋਂ ਬਾਅਦ ਵਿਦਿਆਰਥੀ ਲਈ ਪੂਰੀ ਅਤੇ ਸਾਰਥਕ ਜ਼ਿੰਦਗੀ ਉਸਾਰਣ ਲਈ ਕੰਮ ਤੋਂ ਅਲਾਵਾ ਪਲਾਨ ਅਤੇ ਸ੍ਰੋਤ ਤਿਆਰ ਕਰਨ ਵਾਸਤੇ ਸਕੂਲ ਦੇ ਪਿਛਲੇ ਸਾਲ ਦੀ ਵਰਤੋਂ ਕਰਨ ਲਈ ਪ੍ਰੇਰਿਆ ਜਾਂਦਾ ਹੈ। ਦਸਤਖ਼ਤ _____

## ਕੀ S2W ਪ੍ਰੋਗਰਾਮ ਗਰੰਟੀ ਦੇ ਸਕਦਾ ਹੈ ਕਿ ਸਾਰੇ ਵਿਦਿਆਰਥੀਆਂ ਨੂੰ ਉਹਨਾਂ ਦੀ ਮਨਪਸੰਦ ਨੌਕਰੀ ਮਿਲ ਜਾਏ?

- ਇਹ ਪ੍ਰੋਗਰਾਮ ਗਰੰਟੀ ਨਹੀਂ ਦਿੰਦਾ ਕਿ ਸਕੂਲ ਛੱਡਣ ਵੇਲੇ ਸਾਰੇ ਵਿਦਿਆਰਥੀਆਂ ਨੂੰ ਨੌਕਰੀ ਮਿਲੇਗੀ। ਇਹ ਪ੍ਰੋਗਰਾਮ, ਵਿਦਿਆਰਥੀ ਦੇ ਸਕੂਲ ਵਿੱਚ ਹੁੰਦਿਆਂ ਹੋਇਆਂ, ਇਸ ਟੀਚੇ ਲਈ ਕੰਮ ਕਰਨ ਦੇ ਮੌਕੇ ਦਿੰਦਾ ਹੈ। ਜੇ ਵਿਦਿਆਰਥੀ ਬਿਨਾ ਨੌਕਰੀ ਦੇ ਸਕੂਲ ਛੱਡਦਾ ਹੈ, ਤਾਂ ਉਸ ਨੂੰ ਸਕੂਲ ਤੋਂ ਬਾਅਦ ਪਲਾਨ ਤਿਆਰ ਕਰਨ ਲਈ ਮੁੱਖ ਸੇਵਾ ਏਜੰਸੀਆਂ ਨਾਲ ਸਬੰਧ ਬਣਾਉਣੇ ਪੈਣਗੇ।

  ਦਸਤਖ਼ਤ _____
- ਅਸੀਂ ਵਿਦਿਆਰਥੀਆਂ ਅਤੇ ਉਹਨਾਂ ਦੀ ਸਹਾਇਕ ਟੀਮ ਨੂੰ ਚੰਗੀ ਨੌਕਰੀ ਦਾ ਸੁਮੇਲ ਲੱਭਣ, ਰਿਜ਼ਿਉਮੇ ਤਿਆਰ ਕਰਨ ਅਤੇ ਕੈਰੀਅਰ ਦੇ ਰਾਹ 'ਤੇ ਵਧਣ ਲਈ ਕੰਮ ਕਰਨ ਲਈ ਪ੍ਰੇਰਦੇ ਹਾਂ। ਸਾਡੇ ਵਿੱਚੋਂ ਬਹੁਤਿਆਂ ਵਾਂਗ, ਵਿਦਿਆਰਥੀ ਦੀ ਪਹਿਲੀ ਨੌਕਰੀ ਆਮ ਤੌਰ 'ਤੇ ਉਹਨਾਂ ਦੇ ਸੁਫ਼ਨਿਆਂ ਵਾਲੀ ਨੌਕਰੀ ਨਹੀਂ ਹੁੰਦੀ, ਪਰ ਇਹ ਇੱਕ ਪਹਿਲਾ ਪੜਾਅ ਹੈ। ਦਸਤਖ਼ਤ _____
- ਇਹ ਪ੍ਰੋਗਰਾਮ ਲੰਮੇ-ਸਮੇਂ ਦੀ ਫ਼ੰਡਿੰਗ ਦੀ ਗਰੰਟੀ ਨਹੀਂ ਦਿੰਦਾ। ਸਕੂਲ ਦੇ ਅੰਤ ਤੱਕ DDECSD ਵਲੋਂ ਸੀਮਤ ਕਾਉਂਟੀ ਮਿਲੇਜ ਫ਼ੰਡਾਂ ਦੀ ਵਰਤੋਂ ਕਰਕੇ ਇਸ ਪ੍ਰੋਗਰਾਮ ਨੂੰ ਰਕਮਾਂ ਦਿੱਤੀਆਂ ਜਾਂਦੀਆਂ ਹਨ। DSHS/DVR, S2W ਪ੍ਰੋਗਰਾਮ ਫ਼ੰਡਿੰਗ ਵਿੱਚ ਭਾਈਵਾਲ ਹੈ, ਪਰ ਉਹ ਲੰਮੇ-ਸਮੇਂ ਦੀ ਮਦਦ ਲਈ ਫ਼ੰਡ ਮੁਹੱਈਆ ਨਹੀਂ ਕਰਦੇ। ਰੋਜ਼ਗਾਰ ਬਣਾਈ ਰੱਖਣ ਲਈ ਇਹ ਸਹਾਇਤਾ ਅਹਿਮ ਹੋ ਸਕਦੀ ਹੈ ਅਤੇ ਕੈਰੀਅਰ ਦਾ ਰਾਹ ਤਿਆਰ ਕਰਨ ਲਈ ਇਹ ਜ਼ਰੂਰੀ ਹੋ ਸਕਦੀ ਹੈ। ਹਰ ਵਿਦਿਆਰਥੀ ਅਤੇ/ਜਾਂ ਉਹਨਾਂ ਦਾ ਪਰਿਵਾਰ/ਮੁੱਖ ਸਹਾਇਕ ਵਿਅਕਤੀ (ਵਿਅਕਤੀਆਂ) ਨੂੰ **DSHS/DDA** ਸਮੇਤ ਆਪਣੀ ਲੰਮੇ-ਸਮੇਂ ਦੀ ਫ਼ੰਡਿੰਗ ਦੇ ਵਿਕਲਪਾਂ ਬਾਰੇ ਜਾਣਨਾ ਚਾਹੀਦਾ ਹੈ। ਦਸਤਖ਼ਤ _____

## ਕੀ ਵਿਦਿਆਰਥੀ ਆਪਣੀ ਪ੍ਰੋਵਾਈਡਰ ਏਜੰਸੀ ਬਦਲ ਸਕਦਾ/ਸਕਦੀ ਹੈ ਜਾਂ ਪ੍ਰੋਗਰਾਮ ਛੱਡ ਸਕਦਾ/ਸਕਦੀ ਹੈ?

- ਵਿਦਿਆਰਥੀ ਜਾਂ ਤਾਂ S2W ਪ੍ਰੋਗਰਾਮ ਦੌਰਾਨ ਜਾਂ ਬਾਅਦ ਵਿੱਚ ਪ੍ਰੋਵਾਈਡਰ ਬਦਲਣ ਦੀ ਚੋਣ ਕਰ ਸਕਦੇ ਹਨ। ਹਾਲਾਂਕਿ, S2W ਦੌਰਾਨ, ਥੋੜ੍ਹੇ-ਸਮੇਂ ਦੀ ਮਿਆਦ ਨਾਲ ਪ੍ਰੋਵਾਈਡਰ ਬਦਲਣ ਨਾਲ ਸੇਵਾ ਦੀ ਡਿਲੀਵਰੀ 'ਤੇ ਮਾੜਾ ਅਸਰ ਪੈ ਸਕਦਾ ਹੈ। ਨਵਾਂ ਪ੍ਰੋਵਾਈਡਰ ਮਿਲਣ ਦੀ ਕੋਈ ਗਰੰਟੀ ਨਹੀਂ ਹੈ। ਅਸੀ ਕਹਿੰਦੇ ਹਾਂ ਕਿ ਵਿਦਿਆਰਥੀ ਅਤੇ ਉਹਨਾਂ ਦੀ ਸਹਾਇਕ ਟੀਮ ਘੱਟੋ-ਘੱਟ **3** ਰੋਜ਼ਗਾਰ ਏਜੰਸੀਆਂ ਦਾ ਇੰਟਰਵਿਊ ਲੈਣ ਵਿੱਚ ਸਮਾਂ ਲਾਉਣ ਜਾਂ ਆਪਣੀ ਭਾਈਵਾਲ ਏਜੰਸੀ ਨਾਲ ਮਿਲਵਰਤਨ ਕਰਕੇ ਆਪਣੀ ਡਿਸਟ੍ਰਿਕਟ ਨਾਲ ਮਿਲਕੇ ਕੰਮ ਕਰੇ। ਦਸਤਖ਼ਤ _____
- **S2W** ਪ੍ਰੋਗਰਾਮ ਦੀਆਂ ਸੇਵਾਵਾਂ ਹੱਕਦਾਰੀ ਨਹੀਂ ਹਨ। ਇਹ ਸੇਵਾਵਾਂ ਉਪਲਬਧ ਕਰਾਉਣ ਲਈ DDECSD ਕਾਨੂੰਨੀ ਤੌਰ 'ਤੇ ਬੱਝੀ ਹੋਈ ਨਹੀਂ ਹੈ। DDECSD ਵਿਦਿਆਰਥੀਆਂ ਅਤੇ ਉਹਨਾਂ ਦੀ ਸਹਾਇਤਾ ਟੀਮ ਨੂੰ ਨਾਂ ਰਜਿਸਟਰ ਕਰਾਉਣ ਤੋਂ ਪਹਿਲਾਂ ਪ੍ਰੋਗਰਾਮ ਦੀ ਯੋਗਤਾ ਅਤੇ ਹਿੱਸਾ ਲੈਣ ਦੀਆਂ ਜ਼ਰੂਰਤਾਂ ਬਾਰੇ ਗੰਭੀਰਤਾ ਨਾਲ ਵਿਚਾਰ ਕਰਨ ਲਈ ਕਹਿੰਦੀ ਹੈ। ਇਹ ਜ਼ਰੂਰੀ ਹੈ ਕਿ ਵਿਦਿਆਰਥੀ ਅਤੇ ਉਹਨਾਂ ਦੀ ਸਹਾਇਕ ਟੀਮ ਰੋਜ਼ਗਾਰ ਸੇਵਾਵਾਂ ਲੈਣਾ ਚਾਹੁੰਦੀ ਹੈ ਅਤੇ ਪ੍ਰੋਗਰਾਮ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਸਹਿਮਤ ਹੈ।

  ਦਸਤਖ਼ਤ _____
- ਜੇ ਵਿਦਿਆਰਥੀ ਜਾਂ ਉਹਨਾਂ ਦੀ ਸਹਾਇਕ ਟੀਮ ਨੂੰ ਲੱਗਦਾ ਹੈ ਕਿ ਗੱਲਬਾਤ ਦੀਆਂ ਢੁਕਵੀਆਂ ਕੋਸ਼ਿਸ਼ਾਂ ਦੇ ਬਾਵਜੂਦ ਰੋਜ਼ਗਾਰ ਸੇਵਾ ਏਜੰਸੀ ਮੁੱਖ ਸੇਵਾਵਾਂ ਨਹੀਂ ਦੇ ਰਹੀ, ਇਸ ਲਈ **S2W** ਪ੍ਰੋਗਰਾਮ ਮੈਨੇਜਰ ਨੂੰ ਦੱਸਣਾ, ਉਹਨਾਂ (ਵਿਦਿਆਰਥੀ/ਸਹਾਇਕ ਟੀਮ) ਦੀ ਜ਼ਿੰਮੇਵਾਰੀ ਹੈ। ਇਸ ਮਸਲੇ ਨੂੰ ਹੱਲ ਕਰਨ ਲਈ ਪ੍ਰੋਗਰਾਮ ਮੈਨੇਜਰ ਟੀਮ ਨਾਲ ਕੰਮ ਕਰੇਗਾ। ਜੇ ਹੱਲ ਨਹੀਂ ਮਿਲਦਾ, ਤਾਂ ਪ੍ਰੋਗਰਾਮ ਮੈਨੇਜਰ, ਵਿਦਿਆਰਥੀ ਅਤੇ ਉਹਨਾਂ ਦੀ ਸਹਾਇਕ ਟੀਮ ਨੂੰ ਕਿਸੇ ਹੋਰ ਏਜੰਸੀ ਰਾਹੀਂ ਸਹਾਇਤਾ ਸੇਵਾਵਾਂ ਲਈ ਵਿਕਲਪ ਉਪਲਬਧ ਕਰਾਏਗਾ। ਦਸਤਖ਼ਤ _____
- DDECSD ਕਹਿੰਦੀ ਹੈ ਕਿ ਹਰ ਵਿਦਿਆਰਥੀ ਦੇ ਮੁਢਲੇ ਸਹਾਇਤਾ ਵਿਅਕਤੀ ਪ੍ਰੋਗਰਾਮ, ਇਸ ਵਿੱਚ ਹਿੱਸਾ ਲੈਣ ਅਤੇ ਵਿਦਿਆਰਥੀ ਦੇ ਰੋਜ਼ਗਾਰ ਦੇ ਟੀਚਿਆਂ ਦੀ ਸਹਾਇਤਾ ਬਾਰੇ ਜਾਣਨ। ਜੇ ਇਸ ਪ੍ਰੋਗਰਾਮ ਬਾਰੇ ਰੋਜ਼ਗਾਰ ਸੇਵਾ ਏਜੰਸੀ ਨੂੰ ਲੱਗਦਾ ਹੈ ਕਿ ਵਿਦਿਆਰਥੀ ਜਾਂ ਉਸ ਦੀ ਸਹਾਇਕ ਟੀਮ, ਗੱਲਬਾਤ ਦੀਆਂ ਢੁਕਵੀਆਂ ਕੋਸ਼ਿਸ਼ਾਂ ਦੇ ਬਾਵਜੂਦ ਵਿਦਿਆਰਥੀ ਦੇ ਰੋਜ਼ਗਾਰ ਦੇ ਟੀਚਿਆਂ ਵਿੱਚ ਮਦਦ ਨਹੀਂ ਕਰੇਗੀ, ਤਾਂ ਪ੍ਰੋਵਾਈਡਰ **S2W** ਪ੍ਰੋਗਰਾਮ ਮੈਨੇਜਰ ਨੂੰ ਦੱਸੇਗਾ, ਜੋ ਇਸ ਮਸਲੇ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰੇਗਾ। ਮਸਲਾ ਹੱਲ ਹੋਣ ਤੱਕ DDECSD ਨੂੰ ਸੇਵਾਵਾਂ ਲਈ ਭੁਗਤਾਨ ਬੰਦ ਕਰਨ ਦਾ ਹੱਕ ਹੈ। ਦਸਤਖ਼ਤ _____

ਮੈਂ ਸਕੂਲ-ਤੋਂ-ਕੰਮ ਪ੍ਰੋਗਰਾਮ ਦੀ ਪੂਰੀ ਅਰਜ਼ੀ ਪੜ੍ਹ ਲਈ ਹੈ। ਮੈਂ ਮਾਤਾ-ਪਿਤਾ/ਸਰਪ੍ਰਸਤ/ਮੁੱਖ ਸਹਾਇਕ ਵਿਅਕਤੀ ਅਤੇ ਵਿਦਿਆਰਥੀ ਦੀਆਂ ਜ਼ਿੰਮੇਵਾਰੀਆਂ ਸਮਝਦਾ/ਸਮਝਦੀ ਹਾਂ ਅਤੇ ਸਹਿਮਤ ਹਾਂ।

| | |
|---|---|
| ਵਿਦਿਆਰਥੀ ਦੇ ਦਸਤਖ਼ਤ | ਤਾਰੀਖ਼ |
| ਮੁਢਲ ਸਹਾਇਤਾ ਵਿਅਕਤੀ ਦੇ ਦਸਤਖ਼ਤ | ਤਾਰੀਖ਼ |
| ਸਰਪ੍ਰਸਤ ਦੇ ਦਸਤਖ਼ਤ (ਜੇ ਵਿਦਿਆਰਥੀ ਜਾਂ ਮੁਢਲੀ ਸਹਾਇਤਾ ਤੋਂ ਅਲਾਵਾ ਕੋਈ ਹੋਰ ਹੈ) | ਤਾਰੀਖ਼ |

ਆਪਣੀ ਅਰਜ਼ੀ ਸਬਮਿਟ ਕਰਨ ਲਈ

ਕਿਰਪਾ ਕਰਕੇ ਈਮੇਲ ਕਰੋ S2Wreports@kingcounty.gov ਜਾਂ ਇਥੇ ਮੇਲ ਕਰੋ

Department of Community and Human Services
Developmental Disabilities and Early Childhood Supports Division
401 Fifth Avenue, CNK-HS-0500
Seattle, WA 98104

## S2W ਪ੍ਰੋਗਰਾਮ ਮੈਨੇਜਰ:

Richard Wilson
ਪ੍ਰੋਗਰਾਮ ਮੈਨੇਜਰ
ਫੋਨ: 206-263-9044
Richard.Wilson@Kingcounty.gov

Emily Hart
ਪ੍ਰੋਗਰਾਮ ਮੈਨੇਜਰ
ਫੋਨ: 206-477-7661
Emily.Hart@Kingcounty.gov

Cassie Glenn
ਪ੍ਰੋਗਰਾਮ ਮੈਨੇਜਰ
ਫੋਨ: 206-263-7999
cglenn@kingcounty.gov

TJ Protho
ਪ੍ਰੋਗਰਾਮ ਮੈਨੇਜਰ
ਫੋਨ: 206-930-2496
tprotho@kingcounty.gov